# ਤਿੰਨ ਕ੍ਰੋਸ

ਕਲਵਰੀ ਦੇ ਪਹਾੜ ਤੇ ਤਿੰਨ ਕ੍ਰੂਸ ਦਿੱਸ ਰਹੇ ਹਨ,
ਦੁੱਖ ਉਠਾ ਕੇ ਤਿੰਨ ਮਨੁੱਖ ਆਪਣੀ ਜਾਨ ਦੇ ਚੁੱਕੇ ਹਨ ।
ਦੋ ਨੇ ਤਾਂ ਆਪਣੇ ਪਾਪਾਂ ਦੀ ਸਜ਼ਾ ਨੂੰ ਭੋਗਿਆ ਹੈ,
ਪਰ ਇੱਕ ਨੇ ਆਪਣੀ ਜਾਨ ਮੇਰੇ ਲਈ ਦਿੱਤੀ ਹੈ !

ਲੇਲੇ ਦੀ ਤਰ੍ਹਾਂ ਉਸਨੂੰ ਫ਼ੜ ਕੇ ਲੈ ਗਏ ਹਨ,
ਗਤਸਮਨੀ ਦੇ ਬਾਗ਼ ਨੂੰ ਖ਼ਾਲੀ ਕਰ ਗਏ ਹਨ ।
ਨਾ ਹੀ ਉਸਨੇ ਹੌਕਾ ਭਰਿਆ ਅਤੇ ਨਾ ਹੀ ਉਹ ਰੋਇਆ,
ਇਹ ਤੇ ਪਿਆਰ ਹੀ ਸੀ ਜੋ ਉਹ ਮੇਰੇ ਲਈ ਮੋਇਆ ।

ਵਿੱਚਕਾਰ ਦੀ ਸਲੀਬ ਉੱਤੇ ਉਹ ਉਸਨੂੰ ਟੰਗ ਰਹੇ ਹਨ,
ਪੀੜਾ ਅਤੇ ਦੁੱਖ, ਉਹ ਉਸਨੂੰ ਦੇ ਰਹੇ ਹਨ,
ਆਪਣੀ ਇੱਛਾ ਨਾਲ ਇਹ ਕੌੜਾ ਘੁੱਟ ਉਹ ਨੇ ਪੀ ਲਿਆ,
ਇਹ ਅਨੋਖਾ ਪਿਆਰ ਹੈ ਉਹ ਮੇਰੇ ਲਈ ਮਰ ਗਿਆ ।

“ਜੇ ਤੂੰ ਮਸੀਹ ਹੈਂ,” ਉਨ੍ਹਾਂ ਮਖੌਲ ਉਡਾਇਆ
“ਇਸ ਸ੍ਰਾਪਿਤ ਕ੍ਰੂਸ ਤੋਂ ਹੇਠਾਂ ਉਤੱਰ ਆ,”
ਇਸ ਛੇੜ ਵੱਲ ਉਸਨੇ ਧਿਆਨ ਨਾ ਲਾਇਆ,
ਪਰ ਮੇਰੇ ਲਈ ਆਪਣਾ ਖ਼ੂਨ ਵਹਾਇਆ ।

ਭਟਕੀ ਹੋਈ ਭੇਡ ਵਾਙੂ ਮੈਂ ਰਾਹ ਭੁੱਲ ਗਿਆ,
ਆਪਣੇ ਪਾਪਾਂ ਵਿੱਚ ਮੈਂ ਸੀ ਰੁੱਲ ਗਿਆ ,
ਪਰ ਉਸ ਦਿਨ ਕ੍ਰੂਸ ਉੱਤੇ, ਚੁੱਕੇ ਉਸਨੇ ਮੇਰੇ ਪਾਪ,
ਕਿਵੇਂ ਇਸ ਪਿਆਰ ਨੂੰ ਸਮਝਾਂ ਉਸਨੇ ਕੀਤਾ ਮੈਨੂੰ ਮਾਫ਼ !

ਕਬਰ ਵਿੱਚ ਰੱਖ ਕੇ, ਉੱਪਰ ਉਨ੍ਹਾਂ ਲਾਈ ਮੋਹਰ,
ਜੀ ਉੱਠ ਕੇ ਯਿਸੂ ਨੇ ਦਿੱਤੇ ਸਾਰੇ ਬੰਧਨ ਤੋੜ ।
“ਮੈਂ ਜੁੱਗੋ ਜੁੱਗ ਜੀਉਂਦਾ ਹਾਂ,” ਹੁਣ ਪ੍ਰਭੂ ਜੀ ਕਹਿ ਰਹੇ ਹਨ ।
ਆਤਮਾ ਦੇ ਦੁਆਰਾ ਮੈਨੂੰ ਨਵਾਂ ਜੀਵਨ ਦੇ ਗਏ ਹਨ !



“Bethany”, 23 Birch Street, Oldbury, West Midlands, England, B68 9RR.